## ਨਿਊਕਮਰ ਪ੍ਰੋਗਰਾਮ (Newcomer Program)

ਪ੍ਰੋਗਰਾਮ ਦਾ ਬਿਓਰਾ: ਨਿਊਕਮਰ ਪ੍ਰੋਗਰਾਮ (ਨਵੇਂ ਵਿਦਿਆਰਥੀ ਦਾ ਪ੍ਰੋਗਰਾਮ) ਇੱਕ ਛੋਟੀ ਮਿਆਦ ਦਾ ਪ੍ਰੋਗਰਾਮ ਹੈ ਜੋ ਅਕਾਦਮਿਕ ਵਿਸ਼ਿਆਂ ਦੇ ਨਾਲ-ਨਾਲ ਯੂ.ਐਸ. ਸਕੂਲਾਂ ਵਿੱਚ ਅੰਗਰੇਜ਼ੀ ਅਤੇ ਸੰਸਕ੍ਰਿਤੀਕਰਣ ਪੜ੍ਹਾਉਂਦਾ ਹੈ। ਨਿਊਕਮਰ ਪ੍ਰੋਗਰਾਮ ਉਹਨਾਂ ਵਿਦਿਆਰਥੀਆਂ ਲਈ ਹੈ ਜਿਹੜੇ ਹਾਲ ਹੀ ਵਿੱਚ ਅਮਰੀਕਾ ਵਿੱਚ ਆ ਕੇ ਵਸੇ ਹਨ, ਜਿਹਨਾਂ ਦੀ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਸੀਮਤ ਹੈ ਅਤੇ ਜਿਹਨਾਂ ਨੇ ਆਪਣੇ ਮੂਲ ਦੇਸ਼ਾਂ ਵਿੱਚ ਸੀਮਤ ਜਿਹੀ ਸਿੱਖਿਆ ਲਈ ਹੈ। ਵਿਦਿਆਰਥੀ ਸਮੇਂ ਦੀ ਸੀਮਤ ਮਿਆਦ ਲਈ ਆਪਣੀਆਂ ਵਿਸ਼ੇਸ਼ ਕਲਾਸਾਂ ਮੂਲ ਰੂਪ ਵਿੱਚ ਅੰਗਰੇਜ਼ੀ ਬੋਲਣ ਵਾਲੇ ਵਿਦਿਆਰਥੀਆਂ ਤੋਂ ਅੱਡ ਲਗਾਉਂਦੇ ਹਨ।

<u>ਪੜ੍ਹਾਈ ਦੇ ਟੀਚੇ:</u> ਅੰਗਰੇਜ਼ੀ ਭਾਸ਼ਾ ਦੀ ਸਮਰੱਥਾ ਅਤੇ ਅਕਾਦਮਿਕ ਹੁਨਰ ਵਿਕਸਤ ਕਰਨਾ ਅਤੇ ਅਮਰੀਕੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਸਫ਼ਲ ਹੋਣ ਲਈ ਤਿਆਰ ਕਰਨਾ।

<u>ਪ੍ਰੋਗਰਾਮ ਦੇ ਹਿੱਸੇ:</u> ਤੁਹਾਡੇ ਬੇਟੇ/ਬੇਟੀ ਨੂੰ ਸਹੀ ਲੱਗੇ ਖੇਤਰਾਂ ਵਿੱਚ ਪੜ੍ਹਾਈ ਕਰਵਾਈ ਜਾਵੇਗੀ:

_____ ਅੰਗਰੇਜ਼ੀ ਵਿੱਚ ਪੜ੍ਹਨਾ ਅਤੇ ਲਿਖਣਾ
_____ ਮੂਲ ਭਾਸ਼ਾ ਵਿੱਚ ਪੜ੍ਹਨਾ ਅਤੇ ਲਿਖਣਾ
_____ ਅੰਗਰੇਜ਼ੀ ਵਿੱਚ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਪੜ੍ਹਾਈ (ESL)
_____ ਅੰਗਰੇਜ਼ੀ ਵਿੱਚ ਗਣਿਤ
_____ ਮੂਲ ਭਾਸ਼ਾ ਵਿੱਚ ਗਣਿਤ
_____ ਅੰਗਰੇਜ਼ੀ ਵਿੱਚ ਵਿਗਿਆਨ
_____ ਅੰਗਰੇਜ਼ੀ ਵਿੱਚ ਸਮਾਜਕ ਸਿੱਖਿਆ
_____ ਮੂਲ ਭਾਸ਼ਾ ਵਿੱਚ ਸਮਾਜਕ ਸਿੱਖਿਆ
_____ ਤੁਹਾਡੇ ਦੇਸ਼ ਅਤੇ ਅਮਰੀਕਾ ਦਾ ਇਤਿਹਾਸ ਅਤੇ ਸੱਭਿਆਚਾਰ
_____ ਅੰਗਰੇਜ਼ੀ ਵਿੱਚ ਅਮਰੀਕੀ ਇਤਿਹਾਸ
_____ ਮੂਲ ਭਾਸ਼ਾ ਵਿੱਚ ਅਮਰੀਕੀ ਇਤਿਹਾਸ
_____ ਅੰਗਰੇਜ਼ੀ ਵਿੱਚ ਖਪਤਕਾਰ ਸਿੱਖਿਆ
_____ ਮੂਲ ਭਾਸ਼ਾ ਵਿੱਚ ਖਪਤਕਾਰ ਸਿੱਖਿਆ
_____ ਅੰਗਰੇਜ਼ੀ ਵਿੱਚ ਸਿਹਤ
_____ ਮੂਲ ਭਾਸ਼ਾ ਵਿੱਚ ਸਿਹਤ
_____ ਅੰਗਰੇਜ਼ੀ ਵਿੱਚ ਡ੍ਰਾਈਵਰ ਦੀ ਸਿੱਖਿਆ
_____ ਮੂਲ ਭਾਸ਼ਾ ਵਿੱਚ ਡ੍ਰਾਈਵਰ ਦੀ ਸਿੱਖਿਆ

<u>ਬਾਹਰ ਨਿਕਲਣ ਦੀਆਂ ਕਾਰਜ-ਵਿਧੀਆਂ</u> **(ਇਸ ਭਾਗ ਵਿਚਲੀ ਜਾਣਕਾਰੀ ਹਰ ਜ਼ਿਲ੍ਹੇ ਦੇ ਮੁਤਾਬਕ ਵੱਖ-ਵੱਖ ਹੁੰਦੀ ਹੈ।)**
ਵਿਦਿਆਰਥੀਆਂ ਨਿਊਕਮਰ ਪ੍ਰੋਗਰਾਮ ਵਿੱਚ _______ ਮਹੀਨਿਆਂ ਤੋਂ ਵੱਧ ਲਈ ਨਹੀਂ ਰਹਿੰਦੇ। ਜ਼ਿਆਦਾਤਰ ਵਿਦਿਆਰਥੀ ਅੰਗਰੇਜ਼ੀ ਵਿੱਚ ਮੁਹਾਰਤ ਹਾਸਲ ਕਰਨ ਤੋਂ ਪਹਿਲਾਂ ਹੀ ਨਿਊਕਮਰ ਪ੍ਰੋਗਰਾਮ ਛੱਡ ਦਿੰਦੇ ਹਨ। ਉਹ ਅੰਗਰੇਜ਼ੀ ਅਤੇ ਅਕਾਦਮਿਕ ਵਿਸ਼ਿਆਂ ਦੀ ਪੜ੍ਹਾਈ ਨੂੰ ਜਾਰੀ ਰੱਖਣ ਲਈ ਬਦਲ ਕੇ ਕਿਸੇ ਹੋਰ ਪ੍ਰੋਗਰਾਮ ਵਿੱਚ ਚਲੇ ਜਾਂਦੇ ਹਨ। ਸਾਡੇ ਜ਼ਿਲ੍ਹਿਆਂ ਦੀ ਮੁੱਖ ਧਾਰਾ ਵਿੱਚ ਰਲ਼ ਜਾਣ ਦੀ ਅਨੁਮਾਨਤ ਦਰ ਸਾਲਾਨਾ ਅਧਾਰ 'ਤੇ _____ % ਹੈ।

ਇਸ ਪ੍ਰੋਗਰਾਮ ਵਿੱਚ ਹਾਈ ਸਕੂਲ ਲਈ ਗ੍ਰੈਜੂਏਸ਼ਨ ਦੀ ਅਨੁਮਾਨਤ ਦਰ _____ ਹੈ।

<u>ਵਿਸ਼ੇਸ਼ ਸਿੱਖਿਆ ਸੇਵਾਵਾਂ</u>
ਵਿਸ਼ੇਸ਼ ਰੂਪ ਵਿੱਚ ਤਿਆਰ ਕੀਤੀਆਂ ਗਈਆਂ ਸੇਵਾਵਾਂ ਦੀ ਲੋੜ ਵਾਲੇ ਅਪਾਹਜ ਵਿਦਿਆਰਥੀਆਂ ਲਈ, ਭਾਸ਼ਾ ਦੀ ਹਿਦਾਇਤ ਵਿਦਿਆਰਥੀ ਦੇ ਵਿਅਕਤੀਗਤ ਸਿੱਖਿਆ ਪ੍ਰੋਗਰਾਮ (Individualized Education Program) (IEP) ਦੇ ਉਦੇਸ਼ਾਂ ਨੂੰ ਪੂਰਾ ਕਰਦੀ ਹੈ।

<u>ਸਕੂਲ ਵਿੱਚ ਮੁਹੱਈਆ ਕੀਤੇ ਜਾਂਦੇ ਹੋਰ ਪ੍ਰੋਗਰਾਮ</u>

- ਉਹਨਾਂ ਵਿਦਿਆਰਥੀਆਂ ਲਈ ਨਿਯਮਿਤ ਪੜ੍ਹਾਈ ਜਿਹੜੇ ਅੰਗਰੇਜ਼ੀ ਵਿੱਚ ਮੁਹਾਰਤ ਰਖਦੇ ਹਨ। ਪੜ੍ਹਾਈ ਹਰ ਸਮੇਂ ਅੰਗਰੇਜ਼ੀ ਵਿੱਚ ਹੁੰਦੀ ਹੈ। ਮੂਲ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਜਾਂਦੀ। ਦੂਜੀ ਭਾਸ਼ਾ ਵਜੋਂ ਅੰਗਰੇਜ਼ੀ (English as a Second language) ਦੀ ਕੋਈ ਪੜ੍ਹਾਈ ਨਹੀਂ ਕਰਵਾਈ ਜਾਂਦੀ। ਪੜ੍ਹਾਈ ਦਾ ਟੀਚਾ ਗ੍ਰੇਡ ਵਿੱਚ ਤਰੱਕੀ ਅਤੇ ਗ੍ਰੈਜੂਏਸ਼ਨ ਲਈ ਅਕਾਦਮਿਕ ਪ੍ਰਾਪਤੀ ਦੇ ਗ੍ਰੇਡ ਦੇ ਢੁੱਕਵੇਂ ਮਾਪਦੰਡਾਂ 'ਤੇ ਪੂਰਾ ਉਤਰਨਾ ਹੈ।
- ਮੁਹੱਈਆ ਕੀਤੇ ਜਾਂਦੇ ਕਿਸੇ ਹੋਰ ਪ੍ਰੋਗਰਾਮ ਬਾਰੇ ਜਾਣਕਾਰੀ ਨੱਥੀ ਕੀਤੀ ਜਾ ਸਕਦੀ ਹੈ।